5

# ਸਚਿਆਈ

ਸਚਿਆਈ! ਮੁੱਦਾ ਸਚਿਆਈ ਨਹੀਂ, ਬਲਕਿ ਖ਼ੁਦਾ ਹੈ। ਇਹ ਇਕ ਅਨਾਦੀ, ਅਲੌਕਿਕ ਖ਼ੁਦਾ ਹਰ ਤਰ੍ਹਾਂ ਦੀ ਸਚਿਆਈ ਦਾ ਰਚਣਹਾਰਾ ਹੈ। ਜੇ ਖ਼ੁਦਾ ਨਹੀਂ ਹੈ, ਤਾਂ ਸਚਿਆਈ ਵੀ ਨਹੀਂ ਹੈ। ਸਾਡੇ ਵਿਚਾਰ, ਜਜ਼ਬਾਤ ਅਤੇ ਕਿਆਫ਼ੇ ਹੋ ਸਕਦੇ ਹਨ ਪਰ ਮਾਨਕ ਖ਼ੁਦਾ ਹੀ ਹੈ। ਬਿਨਾਂ ਖ਼ੁਦਾ ਦੇ ਨੈਤਿਕਤਾ ਜਾਂ ਇਖ਼ਲਾਕ ਨਹੀਂ ਹੋ ਸਕਦਾ। ਜੇ ਖ਼ੁਦਾ ਨਹੀਂ ਹੈ ਤਾਂ ਜ਼ਿੰਦਗੀ ਦਾ ਕੋਈ ਮਤਲਬ ਨਹੀਂ ਹੈ, ਕੋਈ ਮਕਸਦ ਨਹੀਂ, ਕੋਈ ਤਰਜੀਹ ਨਹੀਂ ਅਤੇ ਕੋਈ ਭਵਿੱਖ ਨਹੀਂ ਹੈ।

ਸਾਡਾ ਸਮਾਜ ਸੋਚੇਗਾ ਨਹੀਂ ਤਾਂ ਮਿਟ ਜਾਵੇਗਾ। ਅੱਜ ਤਕਰੀਬਨ ਸੱਤਰ ਫ਼ੀਸਦੀ ਲੋਕਾਂ ਦਾ ਵਿਚਾਰ ਬਣ ਗਿਆ ਹੈ ਕਿ ''ਮੁਕੰਮਲ ਸਚਿਆਈ ਕਿਤੇ ਹੈ ਹੀ ਨਹੀਂ।'' ਉਨ੍ਹਾਂ ਦਾ ਮੰਨਣਾ ਹੈ ਕਿ ਸਚਿਆਈ ਸਿਰਫ਼ ਇਹੀ ਹੈ ਕਿ ''ਮੁਕੰਮਲ ਸਚਿਆਈ ਕੋਈ ਨਹੀਂ।'' ਉਨ੍ਹਾਂ ਦੇ ਮੁਤਾਬਕ ''ਤੁਸੀਂ ਸਿਰਫ਼ ਇਹੀ ਜਾਣ ਸਕਦੇ ਹੋ ਕਿ ਤੁਸੀਂ ਕੁਝ ਨਹੀਂ ਜਾਣ ਸਕਦੇ।'' ਸਚਿਆਈ ਉੱਤੇ ਭਰੋਸਾ ਨਾ ਕਰਨਾ ਅਤੇ ਇਸ ਨਾਲ ਪਿਆਰ ਨਾ ਕਰਨਾ ਅਬਦੀ ਖੁਦਕੁਸ਼ੀ ਹੈ। ਪੂਰਬ ਨੂੰ ਪੱਛਮ, ਖੱਬੇ ਨੂੰ ਸੱਜਾ, ਉੱਪਰ ਨੂੰ ਹੇਠਾਂ ਮੰਨ ਲੈਣਾ ਪਾਗਲਪਣ ਹੈ। ਸਹੀ ਨੰਬਰ ਨਾ ਹੋਣ ਤੇ ਤੁਸੀਂ ਸੱਤ ਨੰਬਰਾਂ ਵਾਲਾ ਫ਼ੋਨ ਵੀ ਨਹੀਂ ਮਿਲਾ ਸਕਦੇ! ਸਲਾਹਕਾਰ, ਵਕੀਲ, ਡਾਕਟਰ ਅਤੇ ਪ੍ਰਚਾਰਕ ਬੀਮਾਰਾਂ ਜਾਂ ਗਾਹਕਾਂ ਦੀ ਮਦਦ ਤਦੇ ਕਰ ਸਕਦੇ ਹਨ ਜੇ ਉਹ ਉਨ੍ਹਾਂ ਨੂੰ ਹਕੀਕਤ ਦੱਸਣ। ਅਦਾਲਤ ਵਿਚ ਲੋਕ ''ਜੋ ਕਹਾਂਗਾ ਸੱਚ ਕਹਾਂਗਾ, ਸੱਚ ਦੇ ਸਿਵਾਇ ਕੁਝ ਨਹੀਂ ਕਹਾਂਗਾ'' ਦੀ ਸਹੁੰ ਚੁੱਕਦੇ ਹਨ। ਪਰੇਸ਼ਾਨੀ ਵਿਚ ਅਸੀਂ ਡਾਕਟਰਾਂ ਨੂੰ ਆਖਦੇ ਹਾਂ, ''ਮੈਨੂੰ ਸੱਚ ਸੱਚ ਦੱਸੋ।'' ਸਮਾਜ ਅਤੇ ਨਿੱਜੀ ਲਗਾਅ ਸਿਰਫ਼ ਸਚਿਆਈ ਤੇ ਹੀ ਟਿਕੇਗੀ। ਜੇ ਕੋਈ ਮੁਕੰਮਲ ਸਚਿਆਈ ਨਹੀਂ ਹੈ ਤਾਂ ਮੁਕੰਮਲ ਝੂਠ ਵੀ ਨਹੀਂ ਹੋ ਸਕਦਾ। ਜੋ ਲੋਕ ਕਿਸੇ ਸਚਿਆਈ ਦਾ ਡਰ ਨਹੀਂ ਰੱਖਦੇ ਉਨ੍ਹਾਂ ਨੂੰ ਕਿਸੇ ਝੂਠ ਦਾ ਵੀ ਡਰ ਨਹੀਂ ਹੈ। ਜ਼ਿੰਦਗੀ ਦਾ ਮਕਸਦ ਸਚਿਆਈ ਭਾਵ ਪ੍ਰਸਤਾਵਿਤ, ਅਸਲ, ਪੂਰਣ ਜਾਂ ਮੁਕੰਮਲ ਸਚਿਆਈ ਦੀ ਖੋਜ ਹੈ। ਵਿਗਿਆਨ ਲਈ ਸਚਿਆਈ ਜਾਣਨ ਦਾ ਜਨੂੰਨ ਹੋਣਾ ਜ਼ਰੂਰੀ ਹੈ।

ਯਿਸੂ ਨੇ ਕਿਹਾ, ''... ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ...'' (ਯੂਹੰਨਾ 14:6); ''ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ'' (ਯੂਹੰਨਾ 8:32)। ਖ਼ੁਦਾ ਸਚਿਆਈ ਦਾ ਖ਼ੁਦਾ ਹੈ।

> ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ (ਯੂਹੰਨਾ 1:14)।
>
> ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ (ਯੂਹੰਨਾ 1:17)।
> ਉਨ੍ਹਾਂ ਨੂੰ ਸਚਿਆਈ ਨਾਲ ਪਵਿੱਤਰ ਕਰ। ਤੇਰਾ ਵਚਨ ਸਚਿਆਈ ਹੈ (ਯੂਹੰਨਾ 17:17)।
>
> ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਬੋਲਦੇ ਹਾਂ (ਅਫ਼ਸੀਆਂ 4:15)।
>
> ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ

ਤੁਹਾਡੀ ਅਗਵਾਈ ਕਰੇਗਾ (ਯੂਹੰਨਾ 16: 13)।

ਜਿਹੜਾ ਜੀਉਂਦੇ ਪਰਮੇਸ਼ੁਰ ਦੀ ਕਲੀਸੀਆ ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ (1 ਤਿਮੋਥਿਉਸ 3: 15)।

ਮਸੀਹੀ ਜ਼ਿੰਦਗੀ ਲਈ ਬੁਨਿਆਦ ਸਚਿਆਈ ਹੈ। ਰੋਜ਼ ਦਾ ਚੱਲਣਾ, ''ਸਚਿਆਈ ਨਾਲ ਚੱਲਣਾ'' ਹੀ। ਸਚਿਆਈ ਦੀ ਪਰਵਾਹ ਨਾ ਕਰਨ ਦਾ ਮਤਲਬ ਖ਼ੁਦਾ ਦੀ ਪਰਵਾਹ ਨਾ ਕਰਨਾ ਹੈ। ਸਚਿਆਈ ਇਕ ਸ਼ਖ਼ਸ ਭਾਵ ਯਿਸੂ ਮਸੀਹ ਹੈ। ਖ਼ੁਦਾ ਸਚਿਆਈ ਦਾ ਖ਼ੁਦਾ ਹੈ। ਖ਼ੁਦਾ ਸਾਨੂੰ ਪਿਆਰ ਕਰਦਾ ਹੈ, ਇਸ ਕਰਕੇ ਉਹ ਸਾਨੂੰ ਸਚਿਆਈ ਹੀ ਦੱਸੇਗਾ। ਖ਼ੁਦਾ ਚਾਹੁੰਦਾ ਹੈ ਕਿ ਅਸੀਂ ਸਚਿਆਈ ਨੂੰ ਜਾਣੀਏ, ਸਚਿਆਈ ਉੱਤੇ ਯਕੀਨ ਕਰੀਏ ਅਤੇ ਸਚਿਆਈ ਦੀ ਗੱਲ ਮੰਨੀਏ। ਖ਼ੁਦਾ ਜਜ਼ਬਾਤ, ਰਹੱਸ ਭਰੇ ਅਨੁਭਵਾਂ, ਜਾਂ ਭਰਮਾਂ ਦਾ ਖ਼ੁਦਾ ਨਹੀਂ ਹੈ। ਖ਼ੁਦਾ ਵਿਚ ਵਿਸ਼ਵਾਸ, ਭਰੋਸੇਮੰਦ ਨਤੀਜਿਆਂ ਅਤੇ ਆਮ ਗਿਆਨ ਤੇ ਸਮਝ ਭਰਿਆ ਵਿਸ਼ਵਾਸ ਹੈ। ਜਜ਼ਬਾਤ ਸਚਿਆਈ ਦਾ ਬਦਲ ਨਹੀਂ ਹਨ। ਭਾਵੇਂ ਕੋਈ ਮੰਨੇ ਜਾਂ ਨਾ! ਸਚਿਆਈ, ਸਚਿਆਈ ਹੀ ਹੈ। ਸਚਿਆਈ ਨੂੰ ਨਜ਼ਰਅੰਦਾਜ਼ ਕਰਕੇ ਏਕਤਾ ਨਹੀਂ ਲਿਆਂਦੀ ਜਾ ਸਕਦੀ। ਸਾਡਾ ਸਮਾਜ ''ਸਚਿਆਈ–ਮੁਕਤ ਖੇਤਰ'' ਬਣ ਗਿਆ ਹੈ। ਸਾਡਾ ਸਮਾਜ ਪੂਰੀ ਤਰ੍ਹਾਂ ਨਾਲ ਵੱਸੋਂ ਬਾਹਰ ਹੋ ਗਿਆ ਹੈ!

ਸੁਣਨਾ, ਸਿੱਖਣਾ ਅਤੇ ਜੀਣਾ ਸਾਡੇ ਲਈ ਜ਼ਰੂਰੀ ਹੈ। ਸਚਿਆਈ ਦੇ ਨਾਲ ਦੀ ਕੋਈ ਹੋਰ ਗੱਲ ਨਹੀਂ ਹੈ। ਹਾਲ ਹੀ ਵਿਚ ਇਕ ਲੋਕਮੰਚ ਤੇ ਇਕ ਬੁਲਾਰੇ ਤੋਂ ਪੁੱਛਿਆ ਗਿਆ ਕਿ ਉਹ ਗਲਤ ਹੋ ਸਕਦਾ ਹੈ। ਉਸਨੇ ਜਵਾਬ ਦਿੰਦਿਆਂ ਪਹਿਲਾਂ, ''ਹਾਂ'' ਅਤੇ ਫਿਰ ''... ਨਹੀਂ'' ਆਖਿਆ। ਸਵਾਲ ਦਾ ਮਕਸਦ ਕੀ ਸੀ? ਕਿਉਂਕਿ ਸਭ ਲੋਕ ਗਲਤ ਹੋ ਸਕਦੇ ਹਨ, ਕੋਈ ਵੀ ਸਹੀ ਨਹੀਂ ਹੋ ਸਕਦਾ। ਜੇ ਮੈਂ ਐਨਾ ਜਾਣ ਸਕਦਾ ਹਾਂ ਕਿ ਕੁਝ ਵੀ ਨਹੀਂ ਜਾਣ ਸਕਦਾ ਤਾਂ ਜ਼ਿੰਦਗੀ ਬੇਕਾਰ ਹੈ। ਅਸੀਂ ਵਿਸ਼ਵਾਸ ਨਾਲ ਚੱਲਦੇ ਹਾਂ, ਵੇਖਣ ਨਾਲ ਨਹੀਂ ਤਾਂ ਵੀਂ ਸਾਡਾ ਸਮਾਜ ਇਹ ਨਿਚੋੜ ਕੱਢਦਾ ਹੈ ਕਿ ''ਅਸੀਂ ਸਭ ਸੁਰਗ ਵੱਲ ਜਾ ਰਹੇ ਹਾਂ।'' ਉਨ੍ਹਾਂ ਨੂੰ ਕਿਵੇਂ ਪਤਾ? ਅਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਅਸੀਂ ਵਿਸ਼ਵਾਸ ਨਾਲ ਜਾਣ ਸਕਦੇ ਹਾਂ। ਲੂਕਾ ਨੇ ਲਿਖਿਆ ਹੈ ਕਿ ਅਸੀਂ ਜਾਣ ਸਕਦੇ ਹਾਂ ਕਿ ਅਸੀਂ ਜਾਣਦੇ ਹਾਂ (ਲੂਕਾ 1: 1–4)। ਯੂਹੰਨਾ ਨੇ ਕਿਹਾ ਹੈ ਕਿ ਅਸੀਂ ਹਮੇਸ਼ਾ ਦੀ ਜ਼ਿੰਦਗੀ ਨੂੰ ਜਾਣ ਸਕਦੇ ਹਾਂ (1 ਯੂਹੰਨਾ 5: 11–13)। ਸਭ ਕੁਝ ਨਾ ਜਾਣਨ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਕੁਝ ਵੀ ਨਹੀਂ ਜਾਣ ਸਕਦੇ! ਮਸੀਹੀਅਤ ਨਿਰਾ ਵਿਚਾਰ ਨਹੀਂ ਹੈ, ਬਲਕਿ ਇਹ ''ਵਿਚਾਰ ਨਾ ਕਰਨ'' ਤੋਂ ਕਿਤੇ ਉੱਪਰ ਹੈ। ਸਚਿਆਈ ਮੂਲ ਨਾਲ ਜੁੜੀ ਹੋਈ ਹੈ। ਹਾਂ, ਮੈਂ ਗਲਤ ਹੋ ਸਕਦਾ ਹਾਂ, ਪਰ ਮੇਰੀ ਗੱਲ ਸਹੀ ਵੀ ਹੋ ਸਕਦੀ ਹੈ। ਅਫ਼ਸੀਆਂ 4: 1–6 ਵਿਚ ਪੌਲੁਸ ਸੱਤ ''ਏਕਿਆਂ'' ਦੀ ਗੱਲ ਕਰਦਾ ਹੈ। *ਇਸੇ ਤੋਂ ਅਸੀਂ ਕਾਇਮ ਹੁੰਦੇ ਹਾਂ!*

ਫ਼ਰਮਨ ਕਿਅਰਲੇ ਦੀ ਇਕ ਰੋਜ਼ਾਨਾ ਦੁਆ ਹੈ ਜਿਸ ਨੂੰ ਅਸੀਂ ਸਭ ਕਰਕੇ ਜਵਾਬ ਦੇ ਸਕਦੇ ਹਾਂ: ''ਹੇ ਪ੍ਰਭੂ, ਸਚਿਆਈ ਨਾਲ ਪਿਆਰ ਕਰਨ, ਸਚਿਆਈ ਦੀ ਭਾਲ ਕਰਨ, ਸਚਿਆਈ ਨੂੰ ਲੱਭਣ, ਸਚਿਆਈ ਤੇ ਯਕੀਨ ਕਰਨ, ਸਚਿਆਈ ਦੀ ਗੱਲ ਮੰਨਣ, ਸਚਿਆਈ ਦੀ ਸਿੱਖਿਆ ਦੇਣ ਅਤੇ ਸਚਿਆਈ ਵਿਚ ਇਕ ਹੋਣ ਵਿਚ ਸਾਡੀ ਮਦਦ ਕਰ।'' *ਆਮੀਨ!* ਸਾਡਾ ਸਭ ਤੋਂ ਵੱਡਾ ਸੁਭਾਗ ਪ੍ਰੇਮ ਵਿਚ ਸਚਿਆਈ ਨਾਲ ਰਹਿਣਾ ਹੈ।